




NHS England

# ਔਰਤਾਂ ਅਤੇ ਵੈਲਪ੍ਰੋਏਟ ਲੈਣ ਵਾਲੇ ਲੋਕਾਂ ਲਈ ਦਵਾਈ ਦੀਆਂ ਸਮੀਖਿਆਵਾਂ ਬਾਰੇ ਜਾਣਕਾਰੀ ਪਰਚਾ







Punjabi-India

# ਇਹ ਪਰਚਾ ਕਿਸ ਬਾਬਤ ਹੈ?





ਇਹ ਪਰਚਾ 55 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਲਈ ਵੈਲਪ੍ਰੋਏਟ ਲੈਣ ਦੇ ਲਾਭਾਂ ਅਤੇ ਜੋਖ਼ਮਾਂ ਬਾਰੇ ਹੈ। ਇਹ ਵੈਲਪ੍ਰੋਏਟ ਸ਼ੁਰੂ ਕਰਨ ਜਾਂ ਲੈਣ ਬਾਰੇ ਤੁਹਾਡੇ ਮਾਹਰ ਨਾਲ ਗੱਲ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਹੈ। ਵੈਲਪ੍ਰੋਏਟ ਨੂੰ ਕਈ ਵਾਰ ਏਪੀਲਿਮ ਜਾਂ ਡੇਪਾਕੋਟ ਆਖਿਆ ਜਾਂਦਾ ਹੈ। Valproate ਨੂੰ val-pro-ate ਕਿਹਾ ਜਾਂਦਾ ਹੈ।





ਵੈਲਪ੍ਰੋਏਟ ਮਿਰਗੀ (ਦੌਰੇ ਜਾਂ ਫਿੱਟ) ਜਾਂ ਬਾਇਪੋਲਰ ਡਿਸਆਰਡਰ ਅਤੇ ਹੋਰ ਸਿਹਤ ਸਮੱਸਿਆਵਾਂ ਦੇ ਇਲਾਜ ਵਿੱਚ ਬਹੁਤ ਅਸਰਦਾਰ ਹੋ ਸਕਦੀ ਹੈ। ਆਮ ਤੌਰ 'ਤੇ ਦਿਮਾਗੀ ਝਟਕਿਆਂ ਜਾਂ ਦੌਰਿਆਂ ਨੂੰ ਘਟਾਉਣ ਲਈ ਇਹ ਸਭ ਤੋਂ ਵਧੀਆ ਦਵਾਈ ਹੈ।





ਤੁਹਾਡਾ ਮਾਹਰ ਤੁਹਾਨੂੰ ਚੰਗੀ ਤਰ੍ਹਾਂ ਤੰਦਰੁਸਤ ਰਹਿਣ ਅਤੇ ਸੁਰੱਖਿਅਤ ਰਹਿਣ ਲਈ ਸਭ ਤੋਂ ਵਧੀਆ ਦਵਾਈ ਬਾਰੇ ਦੱਸੇਗਾ। ਕਈ ਵਾਰ ਕੁਝ ਲੋਕ ਦੌਰੇ ਪੈਣ ਜਾਂ ਦਿਮਾਗੀ ਝਟਕਿਆਂ ਨਾਲ ਬਹੁਤ ਬਿਮਾਰ ਹੋ ਸਕਦੇ ਹਨ ਅਤੇ ਕੁਝ ਲੋਕ ਅਚਾਨਕ ਮਰ ਸਕਦੇ ਹਨ (ਜਿਸ ਨੂੰ SUDEP, ਮਿਰਗੀ ਵਿੱਚ ਅਚਨਚੇਤ ਅਚਾਨਕ ਮੌਤ ਆਖਿਆ ਜਾਂਦਾ ਹੈ)।




ਤੁਹਾਡਾ ਮਾਹਰ ਤੁਹਾਡੀ ਵੈਲਪ੍ਰੋਏਟ ਦਵਾਈ ਦੇ ਲਾਭਾਂ ਅਤੇ ਜੋਖ਼ਮਾਂ ਬਾਰੇ ਤੁਹਾਡੇ ਅਤੇ ਤੁਹਾਡੇ ਦੇਖਭਾਲ ਕਰਨ ਵਾਲਿਆਂ, ਪਰਿਵਾਰ ਜਾਂ ਵਕੀਲ ਨਾਲ ਗੱਲ ਕਰੇਗਾ। ਉਹ ਤੁਹਾਡੀ ਸਿਹਤ ਲਈ SUDEP ਅਤੇ ਹੋਰ ਜੋਖ਼ਮਾਂ ਦੀ ਵਿਆਖਿਆ ਕਰਨਗੇ।





ਜੇਕਰ ਤੁਸੀਂ ਗਰਭਵਤੀ ਹੋਣ 'ਤੇ ਵੈਲਪ੍ਰੋਏਟ ਲੈਂਦੇ ਹੋ ਤਾਂ ਇਹ ਤੁਹਾਡੇ ਬੱਚੇ ਲਈ ਸਿਹਤ ਸਮੱਸਿਆਵਾਂ ਲਿਆ ਸਕਦੀ ਹੈ।




ਵੈਲਪ੍ਰੋਏਟ ਨਾਲ ਬੱਚੇ ਦੇ ਸਰੀਰ ਅਤੇ ਦਿਮਾਗ ਦੇ ਵਧਣ ਦੇ ਤਰੀਕੇ ਪ੍ਰਭਾਵਿਤ ਹੋ ਸਕਦੇ ਹਨ। ਬੱਚੇ ਦੇ ਦਿਮਾਗ ਦੇ ਵਿਕਾਸ ਦੇ ਤਰੀਕੇ ਨਾਲ ਸਮੱਸਿਆ ਹੋਣ ਦੀ 30-40% ਸੰਭਾਵਨਾ ਹੋ ਸਕਦੀ ਹੈ।

ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਉਹਨਾਂ ਵਿੱਚ ਸਿੱਖਣ ਦੀ ਅਸਮਰਥਤਾ ਜਾਂ ਔਟਿਜ਼ਮ ਹੈ ਜਾਂ ਉਹ ਧਿਆਨ ਨਹੀਂ ਦੇ ਸਕਦੇ ਜਾਂ ਚੁੱਪ ਨਹੀਂ ਬੈਠ ਸਕਦੇ (ADHD)।



## ਮੈਨੂੰ ਆਪਣੀ ਵੈਲਪ੍ਰੋਏਟ ਦਵਾਈ ਦੀ ਸਮੀਖਿਆ ਦੀ ਲੋੜ ਕਿਉਂ ਹੈ?


ਜੇਕਰ ਤੁਸੀਂ ਵੈਲਪ੍ਰੋਏਟ ਲੈਂਦੇ ਹੋ ਤਾਂ ਇਹ ਬੱਚਿਆਂ ਵਿੱਚ ਸਿਹਤ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ। ਜੇਕਰ ਤੁਹਾਡੀ ਉਮਰ 55 ਸਾਲ ਤੋਂ ਘੱਟ ਹੈ ਤਾਂ ਤੁਹਾਨੂੰ ਹਰ ਸਾਲ ਆਪਣੇ ਮਾਹਰ ਨਾਲ ਮਿਲਣ ਲਈ ਆਖਿਆ ਜਾਵੇਗਾ। ਇਸਨੂੰ ਦਵਾਈ ਦੀ ਸਮੀਖਿਆ ਵਜੋਂ ਜਾਣਿਆ ਜਾਂਦਾ ਹੈ।



ਜੇਕਰ ਤੁਹਾਡੇ ਕੋਲ ਹੈਲਥਕੇਅਰ ਪਾਸਪੋਰਟ ਹੈ, ਤਾਂ ਇਸਨੂੰ ਆਪਣੇ ਮਾਹਰ ਨੂੰ ਦਿਖਾਓ। ਇਹ ਤੁਹਾਡੀ ਸਹਾਇਤਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰੇਗਾ।




ਤੁਹਾਡੀ ਦਵਾਈ ਬਾਰੇ ਕਿਸੇ ਵੀ ਫੈਸਲੇ ਵਿੱਚ ਤੁਹਾਨੂੰ ਸ਼ਾਮਲ ਕਰਨਾ ਚਾਹੀਦਾ ਹੈ। ਤੁਸੀਂ ਆਪਣੇ ਮਾਹਰ ਨਾਲ ਮੀਟਿੰਗਾਂ ਵਿੱਚ ਆਪਣੇ ਨਾਲ ਕੋਈ ਵਿਅਕਤੀ ਨਾਲ ਰੱਖ ਸਕਦੇ ਹੋ ਜਿਵੇਂ ਕਿ ਤੁਹਾਡਾ ਪਰਿਵਾਰਕ ਮੈਂਬਰ, ਦੇਖਭਾਲ ਕਰਨ ਵਾਲਾ, ਦੋਸਤ, ਵਕੀਲ ਜਾਂ ਕੋਈ ਅਜਿਹਾ ਵਿਅਕਤੀ ਜੋ ਤੁਹਾਡੇ ਵਿਚਾਰ ਪਰਗਟ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।



ਯਾਦ ਰੱਖੋ ਕਿ ਤੁਹਾਡੀ ਰਾਇ ਸਭ ਤੋਂ ਮਹੱਤਵਪੂਰਨ ਹੁੰਦੀ ਹੈ। ਜੇ ਤੁਹਾਨੂੰ ਸਮਝ ਨਹੀਂ ਲੱਗਦੀ ਤਾਂ ਸਦਾ ਪੁੱਛੋ। ਜੇ ਤੁਹਾਨੂੰ ਇੰਝ ਮਹਿਸੂਸ ਨਹੀਂ ਹੁੰਦਾ ਕਿ ਤੁਸੀਂ ਆਪਣੇ ਸਰੀਰ ਅਤੇ ਆਪਣੇ ਜੀਵਨ ਨਾਲ ਜੁੜੇ ਫੈਸਲਿਆਂ ਵਿੱਚ ਸ਼ਾਮਲ ਹੋ ਤਾਂ ਦੱਸੋ।





ਤੁਹਾਡਾ ਮਾਹਰ ਪੁੱਛੇਗਾ ਕਿ ਕੀ ਤੁਸੀਂ ਬੱਚਾ ਪੈਦਾ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਕੀ ਤੁਹਾਨੂੰ ਇੰਝ ਨਹੀਂ ਲੱਗਦਾ ਕਿ ਤੁਸੀਂ ਗਰਭਵਤੀ ਹੋਵੋਗੇ। ਉਹ ਵੇਖਣਗੇ ਕਿ ਕੀ ਵੈਲਪ੍ਰੋਏਟ ਅਜੇ ਵੀ ਤੁਹਾਡੇ ਲਈ ਸਭ ਤੋਂ ਵਧੀਆ ਦਵਾਈ ਹੈ। ਤੁਹਾਨੂੰ ਮਾਹਰ ਕੋਲ ਸਲਾਨਾ ਰਿਸਕ ਅਨੋਲੇਜਮੈਂਟ ਫਾਰਮ (ARAF) ਭਰਨ ਲਈ ਆਖਿਆ ਜਾਵੇਗਾ। ਤੁਹਾਨੂੰ ARAF ਦੀ ਇੱਕ ਕਾਪੀ ਦਿੱਤੀ ਜਾਵੇਗੀ।



## ਮੈਨੂੰ ਨਹੀਂ ਲੱਗਦਾ ਕਿ ਮੈਂ ਗਰਭਵਤੀ ਹੋ ਜਾਵਾਂਗੀ

ਜੇਕਰ ਤੁਸੀਂ ਅਤੇ ਮਾਹਿਰ ਇਹ ਨਹੀਂ ਸੋਚਦੇ ਕਿ ਤੁਸੀਂ ਗਰਭਵਤੀ ਹੋ ਜਾਵੋਗੇ, ਤਾਂ ਉਹ ਇਸ ਨੂੰ ਕਾਰਨ ਦੇ ਨਾਲ ARAF 'ਤੇ ਲਿਖਣਗੇ।


# ਮੈਂ ਗਰਭਵਤੀ ਹੋ ਸਕਦੀ ਹਾਂ



ਜੇਕਰ ਤੁਹਾਨੂੰ ਅਤੇ ਤੁਹਾਡੇ ਮਾਹਰ ਨੂੰ ਲੱਗਦਾ ਹੈ ਕਿ ਤੁਸੀਂ ਗਰਭਵਤੀ ਹੋ ਸਕਦੇ ਹੋ, ਤਾਂ ਉਹ ਹਰ ਸਾਲ ਤੁਹਾਨੂੰ ਮਿਲਣਗੇ। ਤੁਸੀਂ ਆਪਣੀ ਮਿਰਗੀ ਜਾਂ ਬਾਈਪੋਲਰ ਡਿਸਆਰਡਰ ਬਾਰੇ ਚਰਚਾ ਕਰੋਗੇ ਅਤੇ ਜਾਂਚ ਕਰੋਗੇ ਕਿ ਵੈਲਪ੍ਰੋਏਟ ਅਜੇ ਵੀ ਤੁਹਾਡੇ ਲਈ ਸਭ ਤੋਂ ਵਧੀਆ ਦਵਾਈ ਹੈ। ਉਹ ਪਤਾ ਲਗਾਉਣਗੇ ਕਿ ਤੁਸੀਂ ਇਸਨੂੰ ਲੈਣ ਲਈ ਸਹਿਮਤ ਹੋ।




ਜੇਕਰ ਤੁਹਾਡੀ ਉਮਰ 55 ਸਾਲ ਤੋਂ ਘੱਟ ਹੈ ਅਤੇ ਤੁਸੀਂ ਗਰਭਵਤੀ ਹੋ ਸਕਦੇ ਹੋ, ਤਾਂ ਵੈਲਪ੍ਰੋਏਟ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੇਕਰ ਦੋ ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਇਹ ਤੁਹਾਡੇ ਲਈ ਸਭ ਤੋਂ ਵਧੀਆ ਦਵਾਈ ਹੈ। ਤੁਹਾਨੂੰ ਗਰਭ ਨਿਰੋਧਕ ਜਿਵੇਂ ਕਿ ਕੋਇਲ ਜਾਂ ਗਰਭ ਨਿਰੋਧਕ ਇਮਪਲਾਂਟ 'ਤੇ ਵਿਚਾਰ ਕਰਨ ਦੀ ਲੋੜ ਹੋਵੇਗੀ। ਤੁਸੀਂ ਆਪਣੇ ਵਿਕਲਪਾਂ ਬਾਰੇ ਕਾਉਂਸਲਿੰਗ ਲਈ ਪੁੱਛ ਸਕਦੇ ਹੋ।





ਜੇਕਰ ਤੁਸੀਂ ਗਰਭਵਤੀ ਹੋ ਸਕਦੇ ਹੋ, ਤਾਂ ਤੁਹਾਡਾ ਮਾਹਰ ਤੁਹਾਡੇ ਨਾਲ ਚਰਚਾ ਕਰੇਗਾ ਕਿ ਕੀ ਕੋਈ ਹੋਰ ਦਵਾਈ ਹੈ ਜੋ ਤੁਹਾਡੇ ਲਈ ਵੈਲਪ੍ਰੋਏਟ ਜਿੰਨੀ ਵਧੀਆ ਹੋ ਸਕਦੀ ਹੈ।





ਵੈਲਪ੍ਰੋਏਟ ਤੋਂ ਅਜਿਹੀ ਦਵਾਈ ਵਿੱਚ ਬਦਲਣਾ ਜੋ ਸ਼ਾਇਦ ਚੰਗੀ ਤਰ੍ਹਾਂ ਕੰਮ ਨਾ ਕਰੇ, ਜਾਂ ਇਸਨੂੰ ਜਲਦੀ ਬਦਲਣਾ, ਤੁਹਾਡੇ ਦੌਰੇ ਜਾਂ ਸਿਹਤ ਸਮੱਸਿਆਵਾਂ ਨੂੰ ਹੋਰ ਵਿਗਾੜ ਸਕਦਾ ਹੈ। ਕੁਝ ਲੋਕਾਂ ਨੂੰ ਹਸਪਤਾਲ ਜਾਣਾ ਪੈ ਸਕਦਾ ਹੈ ਅਤੇ ਕੁਝ ਲੋਕਾਂ ਦੀ ਮੌਤ ਹੋ ਸਕਦੀ ਹੈ।

# ਮੈਂ ਗਰਭ ਅਵਸਥਾ ਦੀ ਯੋਜਨਾ ਬਣਾਉਣ ਬਾਰੇ ਸੋਚ ਰਿਹਾ/ਰਹੀ ਹਾਂ




ਜੇ ਤੁਸੀਂ ਗਰਭ ਅਵਸਥਾ ਦੀ ਯੋਜਨਾ ਬਣਾ ਰਹੇ ਹੋ, ਤਾਂ ਆਪਣੇ ਡਾਕਟਰ ਨਾਲ ਗੱਲ ਕਰਨਾ ਬਹੁਤ ਮਹੱਤਵਪੂਰਨ ਰਹਿੰਦਾ ਹੈ। ਉਹ ਤੁਹਾਡੇ ਗਰਭਵਤੀ ਹੋਣ ਤੋਂ ਪਹਿਲਾਂ ਤੁਹਾਡੇ ਜਾਂ ਤੁਹਾਡੇ ਬੱਚੇ ਲਈ ਕਿਸੇ ਵੀ ਜੋਖਮ ਨੂੰ ਘਟਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ।



ਜੇਕਰ ਤੁਸੀਂ ਗਰਭਵਤੀ ਹੋ ਤਾਂ ਤੁਹਾਨੂੰ ਆਪਣੇ ਡਾਕਟਰ ਨੂੰ ਬਹੁਤ ਜਲਦੀ ਦੱਸਣਾ ਹੁੰਦਾ ਹੈ। ਇਹ ਗੱਲ ਮਹੱਤਵਪੂਰਨ ਹੁੰਦੀ ਹੈ ਕਿ ਤੁਸੀਂ ਆਪਣੇ ਮਾਹਰ ਨਾਲ ਗੱਲ ਕੀਤੇ ਬਿਨਾਂ ਆਪਣੀ ਵੈਲਪ੍ਰੋਏਟ ਦਵਾਈ ਲੈਣੀ ਬੰਦ ਨਾ ਕਰੋ ਕਿਉਂਕਿ ਇਹ ਖਤਰਨਾਕ ਹੁੰਦਾ ਹੈ।



ਇਹ ਗੱਲ ਮਹੱਤਵਪੂਰਨ ਹੁੰਦੀ ਹੈ ਜੇਕਰ ਤੁਸੀਂ ਗਰਭਵਤੀ ਹੋ ਅਤੇ ਤੁਹਾਨੂੰ ਦੌਰੇ ਪੈਂਦੇ ਹਨ ਜਾਂ ਫਿੱਟਸ ਆਉਂਦੇ ਹਨ ਤਾਂ ਜਿੰਨਾ ਸੰਭਵ ਹੋ ਸਕੇ ਇਹਨਾਂ ਨੂੰ ਰੋਕਿਆ ਜਾਣਾ ਚਾਹੀਦਾ ਹੈ। ਬਹੁਤ ਜ਼ਿਆਦਾ ਦੌਰੇ ਬੱਚਿਆਂ ਦੇ ਸਰੀਰ ਅਤੇ ਦਿਮਾਗ ਦੇ ਵਧਣ ਦੇ ਤਰੀਕੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਕਈ ਵਾਰ ਔਰਤਾਂ ਅਤੇ ਅਣਜੰਮੇ ਬੱਚਿਆਂ ਦੀ ਮੌਤ ਦੌਰੇ ਅਤੇ SUDEP (ਮਿਰਗੀ ਵਿੱਚ ਅਚਨਚੇਤ ਅਚਾਨਕ ਆਈ ਮੌਤ) ਕਾਰਨ ਹੋ ਜਾਂਦੀ ਹੈ।



ਮਿਰਗੀ ਵਾਲੀਆਂ ਬਹੁਤ ਸਾਰੀਆਂ ਔਰਤਾਂ ਦੀਆਂ ਚੰਗੀਆਂ ਗਰਭ-ਅਵਸਥਾਵਾਂ ਹੁੰਦੀਆਂ ਹਨ ਪਰ ਇਹ ਇੱਕ ਅਸੁਰੱਖਿਅਤ ਸਮਾਂ ਹੋ ਸਕਦਾ ਹੈ। ਕੁਝ ਔਰਤਾਂ ਗਰਭਵਤੀ ਹੋਣ ਤੋਂ ਬਿਨਾਂ ਮਾਂ ਬਣ ਜਾਂਦੀਆਂ ਹਨ ਜਿਵੇਂ ਕਿ ਗੋਦ ਲੈਣਾ।






## ਹੋਰ ਜਾਣਕਾਰੀ

ਤੁਸੀਂ ਇਸ ਪਰਚੇ ਦੀ PDF ਡਾਊਨਲੋਡ ਕਰ ਸਕਦੇ ਹੋ ਅਤੇ ਇੱਥੇ ਹੋਰ ਜਾਣਕਾਰੀ ਲੈ ਸਕਦੇ ਹੋ:

**southeastclinicalnetworks.nhs.uk/valproate**

ਤੁਸੀਂ ਇਸ QR **ਕੋਡ ਨੂੰ ਆਪਣੇ ਫ਼ੋਨ ਦੇ ਕੈਮਰੇ ਵੱਲ** ਮੋੜਕੇ ਵੀ ਸਕੈਨ ਕਰ ਸਕਦੇ ਹੋ।

ਇਹ ਪਰਚਾ ਕਈ ਹੋਰ ਭਾਸ਼ਾਵਾਂ ਵਿੱਚ ਡਾਊਨਲੋਡ ਕਰਨ ਲਈ ਵੀ ਉਪਲਬਧ ਹੈ।

## ਧੰਨਵਾਦ

ਮਿਰਗੀ ਅਤੇ ਮਾਨਸਿਕ ਸਿਹਤ ਸਥਿਤੀਆਂ ਦੇ ਤਜ਼ਰਬੇ ਵਾਲੇ ਮਾਹਿਰਾਂ ਦੇ ਨਾਲ-ਨਾਲ ਦੱਖਣ ਪੂਰਬੀ ਖੇਤਰ ਅਤੇ ਇਸ ਤੋਂ ਬਾਹਰ ਦੇ ਸਾਰੇ ਡਾਕਟਰੀ ਕਰਮਚਾਰੀਆਂ ਦਾ ਧੰਨਵਾਦ, ਜਿੰਨ੍ਹਾਂ ਨੇ ਇਸ ਪਰਚੇ ਵਿੱਚ ਯੋਗਦਾਨ ਪਾਇਆ ਹੈ।

ਅਸੀਂ ਖਾਸ ਕਰਕੇ Active Prospects, ProActive Community ਮੈਂਬਰਾਂ, SUDEP Action ਅਤੇ My Life My Choice ਦੀ ਰਾਇ ਲਈ ਧੰਨਵਾਦੀ ਹਾਂ ਜਿੰਨ੍ਹਾਂ ਨੇ ਸਾਡੇ ਨਾਲ ਪਰਚੇ ਨੂੰ ਆਕਾਰ ਦਿੱਤਾ ਹੈ।

‘Easy-on-the-i’ images copyright © Leeds and York Partnership NHS Foundation Trust.

CS57039 NHS Creative 2024